# Third Evacuation Flight from Wuhan, China

February 27, 2020

……………………………………………………………………………………………………………

## ਵੁਹਾਨ (ਚੀਨ) ਤੋਂ ਉੱਡੀ ਤੀਜੀ ਨਿਕਾਸੀ ਫਲਾਈਟ

27 ਫਰਵਰੀ, 2020

ਭਾਰਤੀ ਸਰਕਾਰ ਨੇ ਚੀਨ ਨੂੰ 26 ਫਰਵਰੀ 2020 ਨੂੰ 15 ਟਨ ਵਜ਼ਨੀ ਡਾਕਟਰੀ ਸਹਾਇਤਾ ਸਮਗਰੀ ਜਿਵੇਂ ਮਾਸਕ, ਦਸਤਾਨੇ ਅਤੇ ਹੋਰ ਐਮਰਜੈਂਸੀ ਮੈਡੀਕਲ ਉਪਕਰਣ ਭੇਜੇ। ਇਹ ਸਮਾਨ ਭਾਰਤੀ ਹਵਾਈ ਸੈਨਾ ਦੀ ਸੀ -17 ਨਾਮੀ ਵਿਸ਼ੇਸ਼ ਫਲਾਈਟ ਰਾਹੀਂ ਪਹੁੰਚਾਇਆ ਗਿਆ, ਜੋ 26 ਫਰਵਰੀ, 2020 ਨੂੰ ਦੇਰ ਸ਼ਾਮ ਵੁਹਾਨ (ਚੀਨ) ਪਹੁੰਚੀ।

ਇਹ ਮਦਦ ਚੀਨ ਵਿੱਚ ਫੈਲੇ ਕੋਰੋਨਾ ਵਾਇਰਸ (ਕੋਵਿਡ 19) ਅਤੇ ਚੀਨ ਦੁਆਰਾ ਮਾਸਕ ਅਤੇ ਮੈਡੀਕਲ ਉਪਕਰਣ ਵਰਗੇ ਸਮਾਨ ਸੰਬੰਧੀ ਕੀਤੀ ਗਈ ਬੇਨਤੀ ਦੇ ਮੱਦੇਨਜ਼ਰ ਪ੍ਰਦਾਨ ਕੀਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 8 ਫਰਵਰੀ 2020 ਨੂੰ ਚੀਨੀ ਸਰਕਾਰ ਨਾਲ ਭਾਰਤੀ ਲੋਕਾਂ ਅਤੇ ਭਾਰਤ ਸਰਕਾਰ ਦੀ ਇਕਜੁੱਟਤਾ ਜ਼ਾਹਰ ਕਰਦੇ ਹੋਏ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਖ਼ਤ ਲਿਖ ਕੇ ਮੁਸੀਬਤ ਦੀ ਇਸ ਘੜੀ 'ਚ ਚੀਨ ਨੂੰ ਤੋਹਫ਼ੇ ਵਜੋਂ ਮਦਦ ਦੀ ਪੇਸ਼ਕਸ਼ ਕੀਤੀ ਸੀ। ਇਸ ਡਾਕਟਰੀ ਸਮਾਨ ਨਾਲ ਇਸ ਬੀਮਾਰੀ ਦੇ ਪ੍ਰਕੋਪ ਨੂੰ ਕਾਬੂ ਕਰਨ 'ਚ ਚੀਨ ਦੇ ਯਤਨਾਂ ਨੂੰ ਮਜ਼ਬੂਤੀ ਦੇਣ ਵਿਚ ਮਦਦ ਮਿਲੇਗੀ, ਜਿਸ ਨੂੰ ਵਿਸ਼ਵ ਸਿਹਤ ਸੰਗਠਨ ਨੇ ਜਨਤਕ ਸਿਹਤ ਦੇ ਪਿਛੋਕੜ 'ਚ ਐਮਰਜੈਂਸੀ ਐਲਾਨਿਆ ਹੈ।

ਇਹ ਮਦਦ ਚੀਨੀ ਲੋਕਾਂ ਪ੍ਰਤੀ ਭਾਰਤੀ ਲੋਕਾਂ ਦੀ ਦੋਸਤੀ ਅਤੇ ਇੱਕਜੁਟਤਾ ਦਾ ਪ੍ਰਤੀਕ ਵੀ ਹੈ ਕਿਉਂਕਿ ਦੋਵੇਂ ਦੇਸ਼ ਇਸ ਸਾਲ ਕੂਟਨੀਤਕ ਸੰਬੰਧ ਸਥਾਪਤ ਹੋਣ ਦੀ 70ਵੀਂ ਵਰੇਗੰਢ ਮਨਾ ਰਹੇ ਹਨ।

ਵੁਹਾਨ ਤੋਂ ਵਾਪਸ ਪਰਤਦੇ ਹੋਏ ਭਾਰਤੀ ਹਵਾਈ ਫੌਜ ਦੀ ਇਸ ਫਲਾਈਟ ਰਾਹੀਂ 76 ਭਾਰਤੀ ਨਾਗਰਿਕਾਂ ਨੂੰ ਵੀ ਵਾਪਸ ਲਿਆਂਦਾ ਗਿਆ (ਜਿਨ੍ਹਾਂ ਵਿਚ 3 ਭਾਰਤੀ ਦੂਤਘਰ ਦੇ ਅਧਿਕਾਰੀ ਵੀ ਸ਼ਾਮਲ ਹਨ, ਜੋ ਵੁਹਾਨ ਵਿਚ ਨਿਕਾਸੀ ਦਾ ਤਾਲਮੇਲ ਕਰਨ ਲਈ ਆਏ ਹੋਏ ਸਨ) ਅਤੇ ਸਾਡੇ ਕੁਝ ਗੁਆਂਢੀ ਦੇਸ਼ਾਂ ਦੇ ਨਾਗਰਿਕਾਂ ਸਮੇਤ 36 ਵਿਦੇਸ਼ੀ ਨਾਗਰਿਕ ਵੀ ਸ਼ਾਮਲ ਸਨ ਜਿਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਦੀ "ਪਹਿਲਾਂ ਗੁਆਂਢੀ" ਨੀਤੀ ਮੁਤਾਬਕ ਭਾਰਤ ਆਉਣ ਦੇ ਮਾਮਲੇ 'ਚ ਮਦਦ ਦੀ ਮੰਗ ਕੀਤੀ ਸੀ।

ਇਨ੍ਹਾਂ ਵਿਦੇਸ਼ੀ ਨਾਗਰਿਕਾਂ ਵਿੱਚ ਬੰਗਲਾਦੇਸ਼ ਦੇ 23, ਚੀਨ ਦੇ 6, ਮਿਆਂਮਾਰ ਅਤੇ ਮਾਲਦੀਵ ਦੇ 2-2 ਅਤੇ ਦੱਖਣੀ ਅਫਰੀਕਾ, ਅਮਰੀਕਾ ਅਤੇ ਮੈਡਾਗਾਸਕਰ ਦੇ 1-1 ਨਾਗਰਿਕ ਸ਼ਾਮਲ ਹਨ।

ਅੱਜ ਦੀ ਫਲਾਈਟ ਸਮੇਤ ਕੁੱਲ ਤਿੰਨ ਫਲਾਈਟਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਦੀਆਂ ਦੋ ਫਲਾਈਟਾਂ 31 ਜਨਵਰੀ ਅਤੇ 1 ਫਰਵਰੀ ਨੂੰ ਹੋਈਆਂ ਸੀ। ਇਨ੍ਹਾਂ ਤਿੰਨ ਫਲਾਈਟਾਂ ਰਾਹੀਂ ਚੀਨ ਦੇ ਵੁਹਾਨ ਤੋਂ ਕੁਲ 723 ਭਾਰਤੀ ਅਤੇ 43 ਵਿਦੇਸ਼ੀ ਨਾਗਰਿਕਾਂ ਨੂੰ ਸੁਰਖਿਅਤ ਲਿਆਂਦਾ ਗਿਆ ਹੈ।

ਨਵੀਂ ਦਿੱਲੀ

27 ਫਰਵਰੀ, 2020

DISCLAIMER : This is an approximate translation. The original is available in English on MEA’s website and may be referred to as the official press release.